# 2025 ਵਿੱਚ ਭਾਰਤ ਵਿੱਚ ਦੱਖਣ-ਪੱਛਮੀ ਮੌਨਸੂਨ ਬਾਰਿਸ਼ ਲੰਮੀ ਮਿਆਦ ਦੀ ਔਸਤ ਨਾਲੋਂ 8% ਵੱਧ ਰਹੀ

ਭਾਰਤ ਵਿੱਚ ਜੂਨ-ਸਤੰਬਰ 2025 ਦੌਰਾਨ ਦੱਖਣ-ਪੱਛਮੀ ਮੌਨਸੂਨ ਬਾਰਿਸ਼ ਆਮ ਰਹੀ। ਭਾਰਤੀ ਮੌਸਮ ਵਿਭਾਗ (ਆਈ ਐਮ ਡੀ) ਦੇ ਅੰਕੜਿਆਂ ਦੇ ਅਨੁਸਾਰ, ਦੇਸ ਵਿੱਚ 937.2 ਮਿਲੀਮੀਟਰ ਬਾਰਿਸ਼ ਹੋਈ, ਜਿਹੜੀ ਕਿ ਜੂਨ-ਸਤੰਬਰ ਦੌਰਾਨ 868.6 ਮਿਲੀਮੀਟਰ ਦੀ ਲੰਮੀ ਮਿਆਦ ਦੀ ਔਸਤ (ਐਲ ਪੀ ਏ) ਤੋਂ 8% ਵੱਧ ਹੈ। ਐਲ ਪੀ ਏ ਦੇ 19% ਤੋਂ -19% ਦੀ ਸੀਮਾ ਦੀ ਬਾਰਿਸ਼ ਨੂੰ ਆਮ ਮੰਨਿਆ ਜਾਂਦਾ ਹੈ।

ਆਈ ਐਮ ਡੀ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਮੁਤਾਬਿਕ, 2025 ਵਿੱਚ ਦੱਖਣ-ਪੱਛਮੀ ਮੌਨਸੂਨ ਦੀ ਬਾਰਿਸ਼ 2001 ਤੋਂ ਪੰਜਵੀਂ ਸਭ ਤੋਂ ਵੱਧ ਅਤੇ 1901 ਤੋਂ 38ਵੀਂ ਸਭ ਤੋਂ ਵੱਧ ਹੈ।

ਭਾਰਤ ਵਿੱਚ ਜੂਨ-ਸਤੰਬਰ 2025 ਦੌਰਾਨ ਦੱਖਣ-ਪੱਛਮੀ ਮੌਨਸੂਨ ਦੀ ਬਾਰਿਸ਼ 2024 ਦੀ ਇਸੇ ਮਿਆਦ ਦੇ ਲਗਭਗ ਬਰਾਬਰ ਹੈ। 2024 ਦੌਰਾਨ, ਭਾਰਤ ਵਿੱਚ 934.8 ਮਿਲੀਮੀਟਰ ਦੱਖਣ-ਪੱਛਮੀ ਮੌਨਸੂਨ ਬਾਰਿਸ਼ ਹੋਈ। ਇਹ ਵੀ ਐਲ ਪੀ ਏ ਨਾਲੋਂ 8% ਜ਼ਿਆਦਾ ਹੈ।

ਦੇਸ ਦੇ ਚਾਰ ਮੌਸਮ ਵਿਗਿਆਨ ਉਪ-ਮੰਡਲਾਂ ਵਿੱਚੋਂ, ਮੀਂਹ ਦੀ ਕਮੀ ਪੂਰਬੀ ਅਤੇ ਉੱਤਰ-ਪੂਰਬੀ ਭਾਰਤ ਉਪ-ਮੰਡਲ ਵਿੱਚ ਸਭ ਤੋਂ ਵੱਧ ਸੀ, ਜਿੱਥੇ 1,089.9 ਮਿਲੀਮੀਟਰ ਮੀਂਹ ਪਿਆ, ਜਿਹੜਾ ਕਿ ਜੂਨ-ਸਤੰਬਰ ਦੌਰਾਨ ਆਮ 1367.3 ਮਿਲੀਮੀਟਰ ਦੇ ਨਾਲੋਂ 20% ਘੱਟ ਹੈ। 1901 ਤੋਂ ਹੁਣ ਤੱਕ ਇਹ ਦੂਸਰੀ ਸਭ ਤੋਂ ਘੱਟ ਬਾਰਿਸ਼ ਹੈ।

ਉੱਤਰ-ਪੱਛਮੀ ਭਾਰਤ ਉਪ-ਮੰਡਲ ਵਿੱਚ 747.9 ਮਿਲੀਮੀਟਰ ਮੀਂਹ ਦਰਜ ਕੀਤਾ ਗਿਆ, ਜਿਹੜਾ ਕਿ ਆਮ 587.6 ਮਿਲੀਮੀਟਰ ਦੇ ਨਾਲੋਂ 27% ਵੱਧ ਹੈ। 2001 ਤੋਂ ਹੁਣ ਤੱਕ ਸਭ ਤੋਂ ਵੱਧ ਅਤੇ 1901 ਤੋਂ ਹੁਣ ਤੱਕ ਇਹ ਛੇਵੀਂ ਸਭ ਤੋਂ ਵੱਧ ਬਾਰਿਸ਼ ਹੈ।

ਮੱਧ ਭਾਰਤ ਉਪ-ਮੰਡਲ ਵਿੱਚ ਆਮ 978.6 ਮਿਲੀਮੀਟਰ ਦੇ ਮੁਕਾਬਲੇ 1,125.3 ਮਿਲੀਮੀਟਰ ਬਾਰਿਸ਼ ਹੋਈ, ਜਿਹੜੀ ਕਿ ਜੂਨ-ਸਤੰਬਰ ਵਿੱਚ ਐਲ ਪੀ ਏ ਤੋਂ 15% ਵੱਧ ਹੈ।

ਦੱਖਣ ਪ੍ਰਾਇਦੀਪ ਭਾਰਤ ਉਪ-ਮੰਡਲ ਵਿੱਚ ਇਸੇ ਸਮੇਂ ਦੌਰਾਨ ਐਲ ਪੀ ਏ ਨਾਲੋਂ 10% ਵੱਧ ਬਾਰਿਸ਼ ਹੋਈ , ਜਿਹੜੀ ਕਿ ਆਮ 716.2 ਮਿਲੀਮੀਟਰ ਦੇ ਮੁਕਾਬਲੇ 787.4 ਮਿਲੀਮੀਟਰ ਹੈ।

ਮੌਨਸੂਨ ਦਾ ਮੱਖ ਖੇਤਰ, ਜਿਸ ਵਿੱਚ ਮੀਂਹ ਤੇ ਨਿਰਭਰ ਸਾਰਾ ਇਲਾਕਾ ਸ਼ਾਮਿਲ ਹੈ, ਵਿੱਚ ਦੱਖਣ-ਪੱਛਮੀ ਮੌਸਮੀ ਬਾਰਿਸ਼ ਐਲ ਪੀ ਏ ਨਾਲੋਂ 22% ਵੱਧ ਸੀ।

ਜੂਨ-ਸਤੰਬਰ ਦੀ ਮਿਆਦ ਦੌਰਾਨ ਭਾਰਤ ਦੇ 28 ਸੂਬਿਆਂ ਵਿੱਚੋਂ ਚਾਰ ਵਿੱਚ ਮੀਂਹ ਘੱਟ (ਆਮ ਨਾਲੋਂ 20-59% ਤੋਂ ਥੱਲੇ) ਪਿਆ ਜਦਕਿ 14 ਰਾਜਾਂ ਵਿੱਚ ਆਮ ਤੋਂ ਵੱਧ (ਆਮ ਨਾਲੋਂ 20-59% ਤੋਂ ਵੱਧ) ਬਾਰਿਸ਼ ਹੋਈ। ਕੁੱਲ ਨੌਂ ਸੂਬਿਆਂ ਵਿੱਚ ਬਹੁਤ ਵੱਧ (ਆਮ ਨਾਲੋਂ 60% ਤੋਂ ਉੱਤੇ) ਮੀਂਹ ਪਿਆ।

ਫ਼ੀਸਦੀ ਵਿੱਚ, ਮੇਘਾਲਿਆ ਵਿੱਚ ਸਿਰਫ਼ 1544.3 ਮਿਲੀਮੀਟਰ ਬਾਰਿਸ਼ ਹੋਈ, ਜਿਹੜੀ ਕੀ ਆਮ 2,695.3 ਮਿਲੀਮੀਟਰ ਨਾਲੋਂ 43% ਘੱਟ ਹੈ। ਸਾਰੇ ਅੱਠ ਕੇਂਦਰ ਸ਼ਾਸਤ ਪ੍ਰਦੇਸ਼ਾਂ (ਯੂਟੀ) ਵਿੱਚ ਆਮ ਜਾਂ ਵੱਧ ਜਾਂ ਬਹੁਤ ਵੱਧ ਬਾਰਿਸ਼ ਦਰਜ ਕੀਤੀ ਗਈ।

**2023 ਦੌਰਾਨ ਦੱਖਣ-ਪੱਛਮ ਮੌਨਸੂਨ ਬਾਰਿਸ਼ (ਜੂਨ-ਸਤੰਬਰ)**

| ਉਪਮੰਡਲ | ਅਸਲ (ਮਿਲੀਮੀਟਰ ਵਿੱਚ) | ਆਮ (ਮਿਲੀਮੀਟਰ ਵਿੱਚ) | ਲੰਮੀ ਮਿਆਦ ਦੀ ਔਸਤ ਤੋਂ ਰਵਾਨਗੀ (ਫ਼ੀਸਦੀ ਵਿੱਚ) |
|---|---|---|---|
| ਪੂਰਬੀ ਅਤੇ ਉੱਤਰ-ਪੂਰਬੀ ਭਾਰਤ | 1,089.9 | 1,367.3 | -20% |
| ਉੱਤਰ-ਪੱਛਮੀ ਭਾਰਤ | 747.9 | 587.6 | 27% |
| ਮੱਧ ਭਾਰਤ | 1,125.3 | 978 | 15% |
| ਦੱਖਣ ਪ੍ਰਾਇਦੀਪ | 787.4 | 716.2 | 10% |
| ਪੂਰਾ ਭਾਰਤ | 937.2 | 868.6 | 8% |

**ਸ੍ਰੋਤ:** *ਭਾਰਤੀ ਮੌਸਮ ਵਿਭਾਗ (ਆਈ ਐਮ ਡੀ)*

**ਖੇਤਰ-ਵਾਰ ਦੱਖਣ-ਪੱਛਮ ਮੌਨਸੂਨ ਬਾਰਿਸ਼ (ਜੂਨ-ਸਤੰਬਰ) 2023**

| ਖੇਤਰ: ਪੂਰਬੀ ਅਤੇ ਉੱਤਰ-ਪੂਰਬੀ ਭਾਰਤ |
|---|

| ਰਾਜ/ਕੇਂਦਰ ਸ਼ਾਸਤ ਪ੍ਰਦੇਸ਼ | ਅਸਲ (ਮਿਲੀਮੀਟਰ ਵਿੱਚ) | ਆਮ (ਮਿਲੀਮੀਟਰ ਵਿੱਚ) | ਲੰਮੀ ਮਿਆਦ ਦੀ ਔਸਤ ਤੋਂ ਰਵਾਨਗੀ (ਫ਼ੀਸਦੀ ਵਿੱਚ) | ਦਰਜਾ |
|---|---|---|---|---|
| ਅਰੁਣਾਚਲ ਪ੍ਰਦੇਸ਼ | 980.3 | 1,675.1 | -41% | ਘੱਟ |
| ਅਸਾਮ | 994.5 | 1,479.1 | -33% | ਘੱਟ |
| ਮੇਘਾਲਿਆ | 1,544.9 | 2,695.3 | -43% | ਘੱਟ |
| ਨਾਗਾਲੈਂਡ | 1,233.3 | 1,038.8 | 19 | ਆਮ |
| ਮਣੀਪੁਰ | 917.4 | 1,038.8 | -12% | ਆਮ |
| ਮਿਜ਼ੋਰਮ | 1,456.7 | 1,626.1 | -10% | ਆਮ |
| ਤ੍ਰਿਪੁਰਾ | 1,397.8 | 1,391.1 | 0% | ਆਮ |
| ਸਿੱਕਿਮ | 1,506.8 | 1,672.9 | -10% | ਆਮ |
| ਪੱਛਮੀ ਬੰਗਾਲ | 1,354.2 | 1,344.2 | 1% | ਆਮ |
| ਝਾਰਖੰਡ | 1,199.4 | 1,022.9 | -17% | ਆਮ |
| ਬਿਹਾਰ | 686.3 | 992.2 | -31% | ਘੱਟ |

| ਖੇਤਰ: ਉੱਤਰ-ਪੱਛਮੀ ਭਾਰਤ | | | | |
|---|---|---|---|---|
| ਰਾਜ/ਕੇਂਦਰ ਸ਼ਾਸਤ ਪ੍ਰਦੇਸ਼ | ਅਸਲ (ਮਿਲੀਮੀਟਰ ਵਿੱਚ) | ਆਮ (ਮਿਲੀਮੀਟਰ ਵਿੱਚ) | ਲੰਮੀ ਮਿਆਦ ਦੀ ਔਸਤ ਤੋਂ ਰਵਾਨਗੀ (ਫ਼ੀਸਦੀ ਵਿੱਚ) | ਦਰਜਾ |
| ਉੱਤਰ ਪ੍ਰਦੇਸ਼ | 700.8 | 746.2 | -6% | ਆਮ |
| ਉੱਤਰਾਖੰਡ | 1,420.2 | 1,162.7 | 22% | ਵੱਧ |
| ਹਰਿਆਣਾ | 568.4 | 426 | 33% | ਵੱਧ |
| ਚੰਡੀਗੜ੍ਹ (ਯੂਟੀ) | 958.8 | 844.9 | 13% | ਆਮ |

| | | | | |
|---|---|---|---|---|
| ਦਿੱਲੀ | 736.2 | 542.3 | 35% | ਵੱਧ |
| ਪੰਜਾਬ | 621.8 | 439.8 | 41% | ਵੱਧ |
| ਹਿਮਾਚਲ ਪ੍ਰਦੇਸ਼ | 1,022.5 | 734.4 | 39% | ਵੱਧ |
| ਜੰਮੂ ਅਤੇ ਕਸ਼ਮੀਰ (ਯੂਟੀ) | 705.2 | 549.1 | 28% | ਵੱਧ |
| ਲੱਦਾਖ (ਯੂਟੀ) | 98.6 | 22.3 | 342% | ਬਹੁਤ ਵੱਧ |
| ਰਾਜਸਥਾਨ | 713.9 | 435.6 | 64% | ਬਹੁਤ ਵੱਧ |

| **ਖੇਤਰ: ਮੱਧ ਭਾਰਤ** | | | | |
|---|---|---|---|---|
| **ਰਾਜ/ਕੇਂਦਰ ਸ਼ਾਸਤ ਪ੍ਰਦੇਸ਼** | **ਅਸਲ (ਮਿਲੀਮੀਟਰ ਵਿੱਚ)** | **ਆਮ (ਮਿਲੀਮੀਟਰ ਵਿੱਚ)** | **ਲੰਮੀ ਮਿਆਦ ਦੀ ਔਸਤ ਤੋਂ ਰਵਾਨਗੀ (ਫ਼ੀਸਦੀ ਵਿੱਚ)** | **ਦਰਜਾ** |
| ਓਡੀਸ਼ਾ | 1,154.6 | 1,150.2 | 0% | ਆਮ |
| ਮੱਧ ਪ੍ਰਦੇਸ਼ | 1,149.4 | 949.5 | 21% | ਵੱਧ |
| ਗੁਜਰਾਤ | 891.2 | 711.9 | 25% | ਵੱਧ |
| ਦਾਦਰਾ ਅਤੇ ਨਗਰ ਹਵੇਲੀ (ਯੂਟੀ) | 2,924.5 | 2,206.5 | 33% | ਵੱਧ |
| ਦਮਨ ਅਤੇ ਦੀਵ (ਯੂਟੀ) | 3,036.9 | 3,007.7 | 1% | ਆਮ |
| ਗੋਆ | 1,189.4 | 994.5 | 20% | ਵੱਧ |
| ਮਹਾਰਾਸ਼ਟਰ | 1,167.4 | 1,132.2 | 3% | ਆਮ |

| **ਖੇਤਰ: ਦੱਖਣ ਪ੍ਰਾਇਦੀਪ** |
|---|

| **ਰਾਜ/ਕੇਂਦਰ ਸ਼ਾਸਤ ਪ੍ਰਦੇਸ਼** | **ਅਸਲ (ਮਿਲੀਮੀਟਰ ਵਿੱਚ)** | **ਆਮ (ਮਿਲੀਮੀਟਰ ਵਿੱਚ)** | **ਲੰਮੀ ਮਿਆਦ ਦੀ ਔਸਤ ਤੋਂ ਰਵਾਨਗੀ (ਫ਼ੀਸਦੀ ਵਿੱਚ)** | **ਦਰਜਾ** |
|---|---|---|---|---|
| ਅੰਡੇਮਾਨ ਅਤੇ ਨਿਕੋਬਾਰ ਟਾਪੂ (ਯੂਟੀ) | 1,939.7 | 1,631.7 | 19% | ਆਮ |
| ਆਂਧਰਾ ਪ੍ਰਦੇਸ਼ | 553.3 | 521.6 | 6% | ਆਮ |
| ਤੇਲੰਗਾਨਾ | 958.8 | 734.8 | 30% | ਵੱਧ |
| ਤਾਮਿਲਨਾਡੂ | 325,5 | 328.4 | -1% | ਆਮ |
| ਪੁਡੂਚੇਰੀ (ਯੂਟੀ) | 550.4 | 418 | 32% | ਵੱਧ |
| ਕਰਨਾਟਕ | 948 | 831.8 | 14% | ਆਮ |
| ਕੇਰਲ | 1,752.8 | 2,018.6 | -13% | ਆਮ |
| ਲਕਸ਼ਦੀਪ (ਯੂਟੀ) | 856.3 | 1,026.6 | -17% | ਆਮ |

**ਪਿਛਲੇ 5 ਸਾਲਾਂ ਦੌਰਾਨ ਦੱਖਣ ਪੱਛਮੀ ਮੌਨਸੂਨ ਬਾਰਿਸ਼ (ਜੂਨ-ਸਤੰਬਰ)**

| **ਸਾਲ** | **ਅਸਲ (ਮਿਲੀਮੀਟਰ ਵਿੱਚ)** | **ਆਮ (ਮਿਲੀਮੀਟਰ ਵਿੱਚ)** | **ਲੰਮੀ ਮਿਆਦ ਦੀ ਔਸਤ ਤੋਂ ਰਵਾਨਗੀ (ਫ਼ੀਸਦੀ ਵਿੱਚ)** |
|---|---|---|---|
| 2024 | 934.8 | 868.6 | 8% |
| 2023 | 820 | 868.6 | -6% |
| 2022 | 925 | 868.6 | 6% |
| 2021 | 874.6 | 880.6 | -1% |
| 2020 | 957.6 | 880.6 | +9% |

**ਸ੍ਰੋਤ:** *ਭਾਰਤੀ ਮੌਸਮ ਵਿਭਾਗ (ਆਈ ਐਮ ਡੀ)*